# ਤੱਥ ਸ਼ੀਟ PEN02
# ਅਪਰਾਧ ਅਤੇ ਜ਼ੁਰਮਾਨੇ
## ਰੁਜ਼ਗਾਰਦਾਤਾ, ਸਵੈਸੇਵੀ ਸੰਸਥਾਵਾਂ ਅਤੇ ਸਿੱਖਿਆ ਪ੍ਰਦਾਤਾ

GOVERNMENT OF WESTERN AUSTRALIA

Working with Children Check

Punjabi | ਪੰਜਾਬੀ

*ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਐਕਟ 2004* (ਇਸ ਕਾਨੂੰਨ) ਦੀ ਪਾਲਣਾ ਨਾ ਕਰਨ ਲਈ ਕਈ ਤਰ੍ਹਾਂ ਦੇ ਜ਼ੁਰਮਾਨੇ ਲਾਗੂ ਹੁੰਦੇ ਹਨ। ਇਹ ਤੱਥ-ਪੱਤਰ ਉਹਨਾਂ ਅਪਰਾਧਾਂ ਅਤੇ ਜ਼ੁਰਮਾਨਿਆਂ ਦਾ ਸਾਰ ਪ੍ਰਦਾਨ ਕਰਦਾ ਹੈ ਜੋ ਲੋਕਾਂ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਕਰਦੇ ਕਰਮਚਾਰੀਆਂ, ਵਾਲੰਟੀਅਰ ਸੰਸਥਾਵਾਂ, ਅਤੇ **ਸਿੱਖਿਆ ਪ੍ਰਦਾਤਾਵਾਂ** ''ਤੇ ਲਾਗੂ ਹੁੰਦੇ ਹਨ। ਅਪਰਾਧਾਂ ਦੀ ਸਟੀਕ ਸ਼ਬਦਾਵਲੀ ਲਈ ਕਿਰਪਾ ਕਰਕੇ ਇਸ ਕਾਨੂੰਨ ਨੂੰ ਵੇਖੋ।

ਜੇਕਰ ਤੁਹਾਨੂੰ ਇਸ ਤੱਥ-ਪੱਤਰ ਵਿਚਲੀ ਜਾਣਕਾਰੀ ਦਾ ਅਨੁਵਾਦ ਜਾਂ ਵਿਆਖਿਆ ਕਰਨ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 131 450 'ਤੇ ਟ੍ਰਾਂਸਲੇਟਿੰਗ ਐਂਡ ਇੰਟਰਪ੍ਰੇਟਿੰਗ ਸਰਵਿਸ (TIS ਨੈਸ਼ਨਲ) ਨੂੰ ਕਾਲ ਕਰੋ।

| ਇਹ ਇਹਨਾਂ ਲਈ ਇੱਕ ਅਪਰਾਧ ਹੈ: | ਦੰਡ ਅਤੇ ਹਵਾਲਾ |
|---|---|
| • ਜੇਕਰ ਵਿਦਿਆਰਥੀ ਕੋਲ ਮੌਜੂਦਾ WWC ਕਾਰਡ ਜਾਂ ਵਿਚਾਰ ਅਧੀਨ ਅਰਜ਼ੀ ਨਹੀਂ ਹੈ ਤਾਂ ਕਿਸੇ ਸਿੱਖਿਆ ਪ੍ਰਦਾਤਾ ਲਈ ਬੱਚਿਆਂ ਦੀ ਦੇਖਭਾਲ ਸੇਵਾ ਵਿੱਚ ਕਿਸੇ **ਵਿਦਿਆਰਥੀ** ਲਈ ਬੱਚਿਆਂ ਨਾਲ ਸੰਬੰਧਿਤ ਕੰਮ ਪ੍ਰਾਪਤ ਕਰਨਾ | $12,000 ਦਾ ਜ਼ੁਰਮਾਨਾ।<br>ਧਾਰਾ 9B(3)। |
| • ਕਿਸੇ ਰੁਜ਼ਗਾਰਦਾਤਾ/ਵਾਲੰਟੀਅਰ ਸੰਸਥਾ ਲਈ ਕਿਸੇ ਵਿਅਕਤੀ ਨੂੰ ਬੱਚਿਆਂ ਦੀ ਦੇਖਭਾਲ ਸੇਵਾ (**ਸ਼੍ਰੇਣੀ 1**) ਦੇ ਸੰਬੰਧ ਵਿੱਚ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਕਰਨਾ ਜੇਕਰ ਵਿਅਕਤੀ ਕੋਲ WWC ਕਾਰਡ ਜਾਂ ਵਿਚਾਰ ਅਧੀਨ ਅਰਜ਼ੀ ਨਹੀਂ ਹੈ। | $12,000 ਦਾ ਜ਼ੁਰਮਾਨਾ ਅਤੇ 12 ਮਹੀਨੇ ਦੀ ਕੈਦ।<br>ਧਾਰਾ 22(4)। |
| • ਸਿੱਖਿਆ ਪ੍ਰਦਾਤਾ ਲਈ ਕਿਸੇ ਅਜਿਹੇ ਵਿਦਿਆਰਥੀ ਲਈ ਬੱਚਿਆਂ ਨਾਲ ਸੰਬੰਧਿਤ ਕੰਮ ਪ੍ਰਾਪਤ ਕਰਨਾ ਜੇਕਰ ਉਹ ਜਾਣਦਾ ਹੈ ਕਿ ਉਸ ਵਿਦਿਆਰਥੀ ਨੇ WWC ਕਾਰਡ ਲਈ ਆਪਣੀ ਅਰਜ਼ੀ ਵਾਪਸ ਲੈ ਲਈ ਹੈ | $12,000 ਦਾ ਜ਼ੁਰਮਾਨਾ।<br>ਧਾਰਾ 9B(4)। |
| • ਇੱਕ ਰੁਜ਼ਗਾਰਦਾਤਾ/ਵਾਲੰਟੀਅਰ ਸੰਸਥਾ ਲਈ ਕਿਸੇ ਅਜਿਹੇ ਵਿਅਕਤੀ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਕਰਨਾ ਜੇ ਉਹ ਜਾਣਦਾ ਹੈ ਕਿ ਉਸ ਵਿਅਕਤੀ ਨੇ WWC ਕਾਰਡ ਲਈ ਆਪਣੀ ਅਰਜ਼ੀ ਵਾਪਸ ਲੈ ਲਈ ਹੈ | $12,000 ਦਾ ਜ਼ੁਰਮਾਨਾ ਅਤੇ 12 ਮਹੀਨੇ ਦੀ ਕੈਦ।<br>ਧਾਰਾ 22(5)। |
| • ਸਿੱਖਿਆ ਪ੍ਰਦਾਤਾ ਲਈ ਕਿਸੇ ਅਜਿਹੇ ਵਿਦਿਆਰਥੀ ਲਈ ਬੱਚਿਆਂ ਨਾਲ ਸੰਬੰਧਿਤ ਕੰਮ ਪ੍ਰਾਪਤ ਕਰਨਾ ਜੇਕਰ ਉਹ ਜਾਣਦਾ ਹੈ ਕਿ:<br>○ ਉਸ ਵਿਦਿਆਰਥੀ ਉੱਪਰ **ਕਲਾਸ 1** ਜਾਂ **ਕਲਾਸ 2 ਦੇ ਅਪਰਾਧ ਦੇ ਦੋਸ਼** ਬਕਾਇਆ ਹਨ ਜਾਂ ਦੋਸ਼ੀ ਹੈ ਅਤੇ<br>○ ਉਸ ਵਿਦਿਆਰਥੀ ਕੋਲ WWC ਕਾਰਡ ਜਾਂ ਕਾਰਡ ਲਈ ਵਿਚਾਰ ਅਧੀਨ ਅਰਜ਼ੀ ਨਹੀਂ ਹੈ | $60,000 ਦਾ ਜ਼ੁਰਮਾਨਾ।<br>ਧਾਰਾ 9B(1)। |

<table>
<tr><th>ਇਹ ਇਹਨਾਂ ਲਈ ਇੱਕ ਅਪਰਾਧ ਹੈ:</th><th>ਦੰਡ ਅਤੇ ਹਵਾਲਾ</th></tr>
<tr><td><ul><li>ਰੁਜ਼ਗਾਰਦਾਤਾ/ਵਾਲੰਟੀਅਰ ਸੰਸਥਾ ਲਈ ਕਿਸੇ ਅਜਿਹੇ ਵਿਅਕਤੀ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਸ਼ਾਮਲ ਕਰਨਾ, ਜਿਸ ਬਾਰੇ ਉਹ ਜਾਣਦੇ ਹਨ ਕਿ:<ul><li>ਉਸ ਵਿਅਕਤੀ ਉੱਪਰ ਕਲਾਸ 1 ਜਾਂ ਕਲਾਸ 2 ਦੇ ਅਪਰਾਧ ਦੇ ਦੋਸ਼ ਬਕਾਇਆ ਹਨ ਜਾਂ ਦੋਸ਼ੀ ਹੈ ਅਤੇ</li><li>ਉਹਨਾਂ ਕੋਲ WWC ਕਾਰਡ ਜਾਂ ਵਿਚਾਰ ਅਧੀਨ ਅਰਜ਼ੀ ਨਹੀਂ ਹੈ</li></ul></li></ul></td><td>$60,000 ਦਾ ਜੁਰਮਾਨਾ ਅਤੇ 5 ਸਾਲ ਦੀ ਕੈਦ।<br>ਧਾਰਾ 22(2)।</td></tr>
<tr><td><ul><li>ਸਿੱਖਿਆ ਪ੍ਰਦਾਤਾ ਲਈ ਕਿਸੇ ਅਜਿਹੇ ਵਿਦਿਆਰਥੀ ਲਈ ਬੱਚਿਆਂ ਨਾਲ ਸੰਬੰਧਿਤ ਕੰਮ ਪ੍ਰਾਪਤ ਕਰਨਾ ਜੇਕਰ ਉਹ ਜਾਣਦਾ ਹੈ ਕਿ ਵਿਦਿਆਰਥੀ ਕੋਲ ਮੌਜੂਦਾ ਨਕਾਰਾਤਮਕ ਨੋਟਿਸ ਜਾਂ ਅੰਤਰਿਮ ਨਕਾਰਾਤਮਕ ਨੋਟਿਸ ਹੈ</li></ul></td><td>$60,000 ਦਾ ਜੁਰਮਾਨਾ।<br>ਧਾਰਾ 9B(2)।</td></tr>
<tr><td><ul><li>ਰੁਜ਼ਗਾਰਦਾਤਾ/ਵਾਲੰਟੀਅਰ ਸੰਸਥਾ ਲਈ ਕਿਸੇ ਅਜਿਹੇ ਵਿਅਕਤੀ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਕਰਨਾ, ਜਿਸ ਬਾਰੇ ਉਹ ਜਾਣਦੇ ਹਨ ਕਿ ਵਿਅਕਤੀ ਕੋਲ ਮੌਜੂਦਾ ਨਕਾਰਾਤਮਕ ਨੋਟਿਸ ਜਾਂ ਅੰਤਰਿਮ ਨਕਾਰਾਤਮਕ ਨੋਟਿਸ ਹੈ</li></ul></td><td>$60,000 ਦਾ ਜੁਰਮਾਨਾ ਅਤੇ 5 ਸਾਲ ਦੀ ਕੈਦ। ਧਾਰਾ 22(3)।</td></tr>
<tr><td><ul><li>ਰੁਜ਼ਗਾਰਦਾਤਾ/ਵਾਲੰਟੀਅਰ ਸੰਸਥਾ ਲਈ ਬੱਚੇ ਜਾਂ ਮਾਤਾ-ਪਿਤਾ ਵਾਲੰਟੀਅਰ ਛੋਟ ਦੀ ਵਰਤੋਂ ਕਰਦੇ ਹੋਏ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਕਿਸੇ ਅਜਿਹੇ ਵਿਅਕਤੀ ਨੂੰ ਸ਼ਾਮਲ ਕਰਨਾ, ਜੇਕਰ ਉਹ ਜਾਣਦੇ ਹਨ ਕਿ ਵਾਲੰਟੀਅਰ ਕੋਲ ਮੌਜੂਦਾ ਅੰਤਰਿਮ ਨਕਾਰਾਤਮਕ ਨੋਟਿਸ ਜਾਂ ਨਕਾਰਾਤਮਕ ਨੋਟਿਸ ਹੈ</li></ul></td><td>$60,000 ਦਾ ਜੁਰਮਾਨਾ ਅਤੇ 5 ਸਾਲ ਦੀ ਕੈਦ।<br>ਧਾਰਾ 22(3)।</td></tr>
<tr><td><ul><li>ਸਿੱਖਿਆ ਪ੍ਰਦਾਤਾ ਲਈ ਇੱਕ ਅਜਿਹੇ ਵਿਦਿਆਰਥੀ ਲਈ ਬੱਚਿਆਂ ਨਾਲ ਸੰਬੰਧਿਤ ਕੰਮ ਪ੍ਰਾਪਤ ਕਰਨਾ ਜੇਕਰ ਉਹ ਵਿਦਿਆਰਥੀ:<ul><li>ਇੱਕ ਕੈਲੰਡਰ ਸਾਲ ਵਿੱਚ ਪੰਜ ਦਿਨਾਂ ਤੋਂ ਵੱਧ ਸਮੇਂ ਲਈ ਰੁਜ਼ਗਾਰਦਾਤਾ/ਵਾਲੰਟੀਅਰ ਸੰਸਥਾ ਦੁਆਰਾ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਰੁੱਝਿਆ ਹੋਇਆ ਹੈ ਅਤੇ</li><li>ਉਸ ਕੋਲ WWC ਕਾਰਡ ਜਾਂ ਵਿਚਾਰ ਅਧੀਨ ਅਰਜ਼ੀ ਨਹੀਂ ਹੈ</li></ul></li></ul></td><td>$12,000 ਦਾ ਜੁਰਮਾਨਾ।<br>ਧਾਰਾ 9B(5)।</td></tr>
<tr><td><ul><li>ਰੁਜ਼ਗਾਰਦਾਤਾ/ਵਾਲੰਟੀਅਰ ਸੰਸਥਾ ਲਈ ਕਿਸੇ ਅਜਿਹੇ ਵਿਅਕਤੀ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਕਰਨਾ ਜੇਕਰ ਉਹ ਵਿਅਕਤੀ:<ul><li>ਇੱਕ ਕੈਲੰਡਰ ਸਾਲ ਵਿੱਚ ਪੰਜ ਦਿਨਾਂ ਤੋਂ ਵੱਧ ਸਮੇਂ ਲਈ ਰੁਜ਼ਗਾਰਦਾਤਾ/ਵਾਲੰਟੀਅਰ ਸੰਸਥਾ ਦੁਆਰਾ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਰੁੱਝਿਆ ਹੋਇਆ ਹੈ ਅਤੇ</li><li>ਉਸ ਕੋਲ WWC ਕਾਰਡ ਜਾਂ ਵਿਚਾਰ ਅਧੀਨ ਅਰਜ਼ੀ ਨਹੀਂ ਹੈ</li></ul></li></ul></td><td>$12,000 ਦਾ ਜੁਰਮਾਨਾ ਅਤੇ 12 ਮਹੀਨੇ ਦੀ ਕੈਦ।<br>ਧਾਰਾ 22(6)।</td></tr>
</table>

| ਇਹ ਇਹਨਾਂ ਲਈ ਇੱਕ ਅਪਰਾਧ ਹੈ: | ਦੰਡ ਅਤੇ ਹਵਾਲਾ |
|---|---|
| • ਇੱਕ ਵਿਅਕਤੀ ਦੁਆਰਾ ਕਿਸੇ **ਅਧਿਕਾਰਤ ਅਧਿਕਾਰੀ** ਦੀਆਂ ਹਦਾਇਤਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿਣਾ। | $12,000 ਦਾ ਜੁਰਮਾਨਾ ਅਤੇ 12 ਮਹੀਨੇ ਦੀ ਕੈਦ।<br>ਧਾਰਾ 34Q। |
| • ਇੱਕ ਵਿਅਕਤੀ ਦੁਆਰਾ ਕਿਸੇ ਅਧਿਕਾਰਤ ਅਧਿਕਾਰੀ ਦੁਆਰਾ ਜ਼ਬਤ ਕੀਤੀ ਗਈ ਕਿਸੇ ਵੀ ਚੀਜ਼ ਵਿੱਚ ਦਖ਼ਲ ਦੇਣਾ ਜਾਂ ਸਰੋਕਾਰ ਰੱਖਣਾ | $12,000 ਦਾ ਜੁਰਮਾਨਾ ਅਤੇ 12 ਮਹੀਨੇ ਦੀ ਕੈਦ।<br>ਧਾਰਾ 34T(5)। |
| • ਇੱਕ ਵਿਅਕਤੀ ਲਈ ਗ਼ਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣਾ:<br>○ WWC ਸਕ੍ਰੀਨਿੰਗ ਯੂਨਿਟ ਜਾਂ<br>○ ਕੋਈ ਅਧਿਕਾਰਤ ਅਧਿਕਾਰੀ | $24,000 ਦਾ ਜੁਰਮਾਨਾ ਅਤੇ 2 ਸਾਲ ਦੀ ਕੈਦ।<br>ਧਾਰਾ 35(b) ਅਤੇ (ba)। |
| • ਇੱਕ ਵਿਅਕਤੀ ਲਈ ਅਧਿਕਾਰਤ ਅਧਿਕਾਰੀ ਨੂੰ ਰੋਕਣਾ ਜਾਂ ਰੁਕਾਵਟ ਪਾਉਣਾ | $12,000 ਦਾ ਜੁਰਮਾਨਾ ਅਤੇ 12 ਮਹੀਨੇ ਦੀ ਕੈਦ।<br>ਧਾਰਾ 35A। |
| • ਇੱਕ ਵਿਅਕਤੀ ਲਈ ਅਧਿਕਾਰਤ ਅਧਿਕਾਰੀ ਦੀ ਨਕਲ ਕਰਨਾ | $12,000 ਦਾ ਜੁਰਮਾਨਾ ਅਤੇ 12 ਮਹੀਨੇ ਦੀ ਕੈਦ।<br>ਧਾਰਾ 35B। |

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au 'ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।